ਡਾਇਰੈਕਟੋਰੇਟ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਪੰਜਾਬ,
ਐਸ.ਸੀ.ਓ. ਨੰ: 102-103, ਸੈਕਟਰ 34-ਏ, ਚੰਡੀਗੜ੍ਹ।
ਟੈਲੀਫੋਨ ਨੰ: 0172-2602726, 2608746, ਫੈਕਸ ਨੰ: 2664533

ਸੇਵਾ ਵਿਖੇ

Anandhi Viswanathan, Policy Analyst,
Centre for Internet and Society,
No. 194, 2nd Stage, BENGALURU-560071

ਨੰ: ਰਾ:ਟੂ:ਇੰ:ਐਕਟ/ਸਸ/2012/ 1158
ਮਿਤੀ,ਚੰਡੀਗੜ: 18/12/12

ਵਿਸ਼ਾ: ਰਾਈਟ ਟੂ ਇੰਨਫਰਮੇਸ਼ਨ ਐਕਟ 2005 ਅਧੀਨ ਸੂਚਨਾਂ ਦੇਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਬਿਨੈਪੱਤਰ ਮਿਤੀ 14.11.2012 ਜੋ ਕਿ ਸੁਪਰਡੰਟ, ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਅਪੰਗ ਵਿਅਕਤੀਟਾਂ ਦੀ ਭਲਾਈ ਸ਼ਾਖਾ) ਦੇ ਮੀਮੋ ਨੰ: 9/27/12-8ਸਸ/1496, ਮਿਤੀ 10.12.12 ਜੋ ਕਿ ਇਸ ਦਫਤਰ ਵਿਖੇ ਮਿਤੀ 11.12.2012 ਨੂੰ ਪ੍ਰਾਪਤ ਹੋਇਆ ਦੇ ਹਵਾਲੇ ਵਿੱਚ, ਵਿਸ਼ੇ ਅੰਕਿਤ ਮਾਮਲੇ ਸਬੰਧੀ ਸੂਚਨਾਂ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

ਨੱਥੀ (ਉਕਤ ਅਨੁਸਾਰ)

ਡਿਪਟੀ ਡਾਇਰੈਕਟਰ-ਕਮ- 18/12
ਲੋਕ ਸੂਚਨਾਂ ਅਧਿਕਾਰੀ

# ਪੰਜਾਬ ਸਰਕਾਰ

## ਅਪੰਗਤਾ ਵਾਲੇ ਵਿਅਕਤੀ
## (ਸਮਾਨ ਮੌਕੇ, ਅਧਿਕਾਰਾਂ ਦੀ ਸੁਰੱਖਿਆ
## ਅਤੇ ਪੂਰਨ ਸ਼ਮੂਲੀਅਤ) ਐਕਟ, 1995


ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ

ਐਸ.ਸੀ.ਓ ਨੰ:102-103
ਸੈਕਟਰ 34-ਏ, ਚੰਡੀਗੜ੍ਹ
ਫੋਨ ਨੰ: 0172-2602726
ਫੈਕਸ ਨੰ: 0172-2664533

ਅਪੰਗਤਾ ਵਾਲੇ ਵਿਅਕਤੀ (ਸਮਾਨ ਮੌਕੇ, ਅਧਿਕਾਰਾਂ ਦੀ ਸੁਰੱਖਿਆ ਅਤੇ ਪੂਰਨ ਸ਼ਮੂਲੀਅਤ) ਐਕਟ, 12 ਦਸੰਬਰ, 1995 ਨੂੰ ਹੋਂਦ ਵਿੱਚ ਆਇਆ। ਇਸ ਕਾਨੂੰਨ ਦਾ ਉਦੇਸ਼ ਅਪੰਗ ਵਿਅਕਤੀਆਂ ਨੂੰ ਸਹੂਲਤਾਂ ਅਤੇ ਸੇਵਾਂਵਾ ਮੁਹਈਆਂ ਕਰਨ ਲਈ ਕੇਂਦਰ ਸਰਕਾਰ,ਰਾਜ ਸਰਕਾਰ ਅਤੇ ਸਥਾਨਕ ਸਰਕਾਰਾਂ ਦੀ ਜਿੰਮੇਵਾਰੀ ਨਿਰਧਾਰਤ ਕਰਨਾ ਹੈ, ਜਿਸ ਨਾਲ ਅਪੰਗ ਵਿਅਕਤੀ ਵੀ ਉਤਪਾਦਕ ਅਤੇ ਉਪਯੋਗੀ ਨਾਗਰਿਕ ਦੇ ਤੌਰ ਤੇ ਬਰਾਬਰ ਦੇ ਮੌਕਿਆਂ ਲਈ ਭਾਗੀਦਾਰ ਬਣ ਸਕਣ। ਇਸ ਕਾਨੂੰਨ ਤਹਿਤ ਅਪੰਗ ਵਿਅਕਤੀਆਂ ਦੇ ਅਧਿਕਾਰਾਂ ਅਤੇ ਸਹੂਲਤਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਪੰਜਾਬ ਰਾਜ ਵਿੱਚ ਜਨ ਗਣਨਾ ਵਿਭਾਗ ਦੀ 2001 ਦੀ ਰਿਪੋਰਟ ਅਨੁਸਾਰ ਅਪੰਗ ਵਿਅਕਤੀਆਂ ਦੀ ਗਿਣਤੀ 4,24,523 ਹੈ।

ਅਪੰਗ ਵਿਅਕਤੀਆਂ ਨੂੰ ਅੱਜ ਤਰਸ ਦੀ ਲੋੜ ਨਹੀ ਬਲਕਿ ਪਿਆਰ ਅਤੇ ਬਰਾਬਰੀ ਦਾ ਦਰਜਾ ਦਿਵਾਉਣ ਦੀ ਜਰੂਰਤ ਹੈ, ਜਿਸ ਕਰਕੇ ਉਨ੍ਹਾਂ ਵਿੱਚ ਆਤਮ ਵਿਸ਼ਵਾਸ਼ ਦੀ ਭਾਵਨਾ ਜਾਗਰੂਕ ਹੁੰਦੀ ਹੈ। ਅੱਜ ਦੀ ਤੇਜ਼ ਰਫਤਾਰ ਜਿੰਦਗੀ ਅਤੇ ਸਹੂਲਤਾਂ ਨੂੰ ਮੁੱਖ ਰਖਦੇ ਹੋਏ ਇਕ ਅੰਗਹੀਣ ਵਿਅਕਤੀ ਵੀ ਆਮ ਵਿਅਕਤੀ ਦੀ ਤਰ੍ਹਾਂ ਕੰਮ ਕਰ ਸਕਦਾ ਹੈ।

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਅਪੰਗ ਵਿਅਕਤੀਆਂ ਦੀ ਭਲਾਈ ਲਈ ਕਾਫੀ ਕੰਮ ਕੀਤੇ ਗਏ ਹਨ ਅਤੇ ਜ਼ੋ ਸਹੂਲਤਾਂ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਦਾ ਸੰਖੇਪ ਹੇਠ ਲਿਖੇ ਅਨੁਸਾਰ ਹੈ:-

**ਨੌਕਰੀਆਂ ਵਿੱਚ ਰਾਖਵਾਂਕਰਨ:**

1. ਪੰਜਾਬ ਰਾਜ ਦੇ ਸਮੂਹ ਵਿਭਾਗਾਂ/ਬੋਰਡ ਅਤੇ ਕਾਰਪੋਰੇਸ਼ਨਾਂ ਵਿੱਚ ਅੰਗਹੀਣ ਵਿਅਕਤੀਆਂ ਲਈ ਸਿੱਧੀ ਭਰਤੀ ਵਿੱਚ 3% ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਇਸੇ ਤਰ੍ਹਾਂ ਗਰੁਪ ਏ, ਬੀ, ਸੀ ਅਤੇ ਡੀ ਦੇ ਕਰਮਚਾਰੀਆਂ ਨੂੰ ਤਰਕੀ ਵਿੱਚ 3% ਰਾਖਵਾਂ ਕਰਨ ਲਾਗੂ ਕੀਤਾ ਗਿਆ ਹੈ।
   - (ੳ) ਨੇਤਰਹੀਣਾਂ ਲਈ 1%
   - (ਅ) ਗੂੰਗੇ ਅਤੇ ਬੋਲਿਆਂ ਲਈ 1%
   - (ੲ) ਆਰਥੋਪੈਡਿਕ ਲਈ 1%

ਰਾਜ ਸਰਕਾਰ ਵਲੋਂ ਹੁਣ ਤੱਕ ਲਗਭਗ 4678 ਅੰਗਹੀਣ ਵਿਅਕਤੀਆਂ ਨੂੰ ਰੋਜ਼ਗਾਰ ਦਿੱਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਵੱਖ ਵੱਖ ਵਿਭਾਗਾ ਵਿੱਚ ਨੇਤਰਹੀਣ ਵਿਅਕਤੀਆਂ ਲਈ ਬਣਦਾ ਬੈਕਲਾਗ ਮੁਕੰਮਲ ਕਰਨ ਲਈ ਸਪੈਸ਼ਲ ਭਰਤੀ ਮੁਹਿੰਮ ਇਸ ਵਿਭਾਗ ਵਲੋਂ ਚਲਾਈ ਗਈ ਸੀ। ਜਿਸ ਮੁਹਿਮ ਦੇ ਤਹਿਤ ਹੁਣ ਤੱਕ ਲਗਭਗ 16 ਵਿਭਾਗਾ ਵਲੋਂ ਨੇਤਰਹੀਣ ਵਿਅਕਤੀਆਂ ਨੂੰ ਨੌਕਰੀਆਂ ਮੁਹਈਆਂ ਕਰਵਾਈਆਂ ਜਾ ਚੁੱਕੀਆਂ ਹਨ ਅਤੇ 2 ਵਿਭਾਗ (ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਤੇ ਸਿੱਖਿਆ ਵਿਭਾਗ) ਵਲੋਂ ਇਹ ਭਰਤੀ ਕੀਤੀ ਜਾਣੀ ਅਜੇ ਰਹਿੰਦੀ ਹੈ।

**ਅੰਗਹੀਣਾਂ ਲਈ ਰੋਜ਼ਗਾਰ ਦਫਤਰ**

ਅੰਗਹੀਣ ਵਿਅਕਤੀਆਂ ਨੂੰ ਰੋਜਗਾਰ ਦਿਵਾਉਣ ਦੇ ਮੰਤਵ ਲਈ ਰਾਜ ਸਰਕਾਰ ਵਲੋਂ ਇਕ ਸਪੈਸ਼ਲ ਰੋਜ਼ਗਾਰ ਦਫਤਰ ਐਸ.ਸੀ.ਓ ਨੰ: 1118-1119, ਸੈਕਟਰ 22, ਚੰਡੀਗੜ੍ਹ ਵਿਖੇ ਖੋਲਿਆ ਗਿਆ ਹੈ।

**ਉਮਰ ਵਿੱਚ ਛੋਟ**

ਅੰਗਹੀਣ ਵਿਅਕਤੀਆਂ ਨੂੰ ਸਰਕਾਰੀ ਅਤੇ ਅੱਰਧ ਸਰਕਾਰੀ ਅਦਾਰਿਆਂ ਵਿੱਚ ਭਰਤੀ ਸਮੇਂ ਉਮਰ ਦੀ ਮਿੱਥੀ ਗਈ ਹੱਦ ਵਿੱਚ 10 ਸਾਲ ਦੀ ਛੋਟ ਦਿੱਤੀ ਗਈ ਹੈ।

**ਅੰਗਹੀਣਾਂ ਲਈ ਸੇਵਾਕਾਲ**

ਰਾਜ ਸਰਕਾਰ ਵਲੋਂ ਨੇਤਰਹੀਣ ਕਰਮਚਾਰੀਆਂ ਲਈ ਸੇਵਾ ਨਿਵਰਤੀ ਦੀ ਉਮਰ 58 ਸਾਲ ਦੀ ਬਜਾਏ 60 ਸਾਲ ਕੀਤੀ ਗਈ ਹੈ।

ਜ਼ੋ ਅੰਗਹੀਣ ਵਿਅਕਤੀ ਟਾਈਪ ਕਰਨ ਤੋਂ ਅਸਮਰਥ ਹੋਣ ਉਨ੍ਹਾਂ ਵਿਅਕਤੀਆਂ ਨੂੰ ਕਲਰਕਾਂ ਦੀ ਭਰਤੀ ਲਈ ਟਾਈਪ ਟੈਸਟ ਤੋਂ ਛੋਟ ਦਿੱਤੀ ਗਈ ਹੈ।

ਅੰਗਹੀਣ ਕਰਮਚਾਰੀਆਂ ਨੂੰ ਤਨਖਾਹ ਤੋਂ ਇਲਾਵਾ 450/- ਪ੍ਰਤੀ ਮਹੀਨਾ ਸਫਰ ਭੱਤਾ ਦਿੱਤਾ ਜਾਂਦਾ ਹੈ।

**ਉੱਚ ਵਿਦਿਆ ਲਈ ਰਾਖਵਾਂਕਰਨ**

ਪੰਜਾਬ ਰਾਜ ਦੀਆਂ ਸਮੂਹ ਯੂਨੀਵਰਸਿਟੀਆਂ ਦੇ ਵੱਖ ਵੱਖ ਕੋਰਸਾਂ ਵਿੱਚ 3% ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ।

ਨੇਤਰਹੀਣ/ਲਿਖਣ ਤੋਂ ਅਸਮਰਥ ਵਿਅਕਤੀ ਪੇਪਰ ਲਿਖਣ ਲਈ ਇਕ ਵਿਅਕਤੀ ਨਾਲ ਲਿਜਾ ਸਕਦਾ ਹੈ। ਸਰਕਾਰ ਵਲੋਂ ਇਸ ਸਹਾਇਕ ਨੂੰ 50/-ਰੁ: ਪ੍ਰਤੀ ਮਹੀਨਾ ਭੱਤਾ ਦਿੱਤਾ ਜਾਂਦਾ ਹੈ।

**ਵਜੀਫਾ**

ਅਪੰਗ ਵਿਅਕਤੀਆਂ ਨੂੰ ਆਪਣੀ ਪੜ੍ਹਾਈ ਜਾਰੀ ਰਖਣ ਲਈ 200/-ਰੁ: ਪ੍ਰਤੀ ਮਹੀਨਾਂ 8ਵੀਂ ਕਲਾਸ
ਤੱਕ ਅਤੇ ਉਸ ਤੋਂ ਉਪਰ ਦੀ ਪੜ੍ਹਾਈ ਲਈ 300/-ਰੁ ਪ੍ਰਤੀ ਮਹੀਨਾਂ ਵਜੀਫਾ ਦਿੱਤਾ ਜਾਂਦਾ ਹੈ।

ਉਪਰੋਕਤ ਤੋਂ ਇਲਾਵਾ ਪੇਂਡੂ ਖੇਤਰ ਦੀਆਂ ਅੰਗਹੀਣ ਵਿਦਿਆਰਥਣਾਂ/ਸਿਖਿਆਰਥਣਾਂ ਲਈ ਦਸਵੀਂ ਜਮਾਤ ਤੱਕ 1500/-ਰੁ: ਵਰਦੀਆਂ +1000 ਰੂ: ਕਿਤਾਬਾਂ ਕਾਪੀਆਂ ਲਈ ਅਟੈਂਡੈਂਸ ਸਕਾਲਰਸ਼ਿਪ ਦਿੱਤਾ ਜਾਂਦਾ ਹੈ। 10+1 ਤੋਂ ਉਪੱਰ ਦੀਆਂ ਜਮਾਤਾਂ ਦੀਆਂ ਸਿਖਿਆਰਥਣਾਂ ਲਈ 1500/-ਰੁ: ਵਰਦੀਆਂ +1500/-ਰੁ: ਕਿਤਾਬਾਂ ਕਾਪੀਆਂ ਲਈ ਦਿੱਤੇ ਜਾਣ ਦੀ ਵਿਵਸਥਾ ਹੈ।

**ਛੋਟ**

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਗੂੰਗੇ ਬੋਲੇ ਅਤੇ ਨੇਤਰਹੀਣ ਉਮੀਦਵਾਰਾਂ ਨੂੰ ਮਿਡਲ ਸਟੈਂਡਰਡ ਦੇ ਇਮਤਿਹਾਨ ਵਿੱਚ ਬੈਠਣ ਤੋਂ ਛੋਟ ਦਿੱਤੀ ਗਈ ਹੈ।

**ਮੁਫਤ ਕਿਤਾਬਾਂ**

ਨੇਤਰਹੀਣ ਵਿਦਿਆਰਥੀਆਂ ਨੂੰ 18 ਸਾਲ ਦੀ ਉਮਰ ਤੱਕ ਪੜ੍ਹਨ ਲਈ ਮੁਫਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ।

**ਪ੍ਰੈਕਟੀਕਲ ਤੋਂ ਛੋਟ**

ਅੰਗਹੀਣ ਸਿਖਿਆਰਥੀਆਂ/ਵਿਦਿਆਰਥੀਆਂ ਨੂੰ ਪ੍ਰੈਕਟੀਕਲ ਇਮਤਿਹਾਨ ਤੋਂ ਛੋਟ ਦਿੱਤੀ ਜਾਂਦੀ ਹੈ। ਉਸ ਦੇ ਥਿਊਰੀ ਦੇ ਨੰਬਰਾਂ ਤੇ ਹਿਸਾਬ ਨਾਲ ਪ੍ਰੈਕਟੀਕਲ ਦੇ ਖਾਤੇ ਦੇ ਨੰਬਰ ਵਧਾ ਦਿੱਤੇ ਜਾਂਦੇ ਹਨ।

**ਚੋਣਵੇਂ ਵਿਸ਼ਿਆਂ ਵਿੱਚ ਸਹੂਲਤ**

ਨੇਤਰਹੀਣ ਵਿਦਿਆਰਥੀਆਂ ਨੂੰ ਸਾਇੰਸ ਅਤੇ ਹਿਸਾਬ ਦੇ ਵਿਸ਼ਿਆਂ ਦੀ ਥਾਂ ਤੇ ਕੋਈ ਇਕ ਜਾਂ ਦੋ ਵਿਸ਼ੇ ਨੇਤਰਹੀਣ ਵਿਦਿਆਰਥੀਆਂ ਨੂੰ ਸਾਇੰਸ ਅਤੇ ਹਿਸਾਬ ਦੇ ਵਿਸ਼ਿਆਂ ਦੀ ਥਾਂ ਤੇ ਕੋਈ ਇਕ ਜਾਂ ਦੋ ਵਿਸ਼ੇ ਲੋਕ ਸੰਗੀਤ ਇੰਸਟਰੂਮੈਂਟ/ਸੰਗੀਤ ਣ ਦੀ ਸਹੂਲਤ ਹੈ (ਵਧੀਕ ਭਾਸ਼ਾ/ਸੰਗੀਤ ਗਾਇਨ ਜਾਂ ਵਾਦਨ ਲੋਕ ਸੰਗੀਤ ਇੰਸਟਰੂਮੈਂਟ/ਸੰਗੀਤ ਮਿਊਜਿਕ ਤਬਲਾ)।

**ਸਰਕਾਰੀ ਸੰਸਥਾ ਜਮਾਲਪੁਰ, ਲੁਧਿਆਣਾ**

ਇਹ ਸੰਸਥਾ 1968 ਵਿੱਚ ਵਿਭਾਗ ਵੱਲੋਂ ਸਥਾਪਤ ਕੀਤੀ ਗਈ ਸੀ। ਨੇਤਰਹੀਣ ਲੜਕੇ ਲੜਕੀਆਂ ਨੂੰ
ਸਰਕਾਰੀ ਸੰਸਥਾ ਫਾਰ ਬਲਾਇੰਡਜ ਜਮਾਲਪੁਰ ਲੁਧਿਆਣਾ ਵਿਖੇ 10ਵੀਂ ਕਲਾਸ ਤੱਕ ਮੁਫਤ ਸਿੱਖਿਆ
ਦਿੱਤੀ ਜਾਂਦੀ ਹੈ, ਤਾਂ ਜ਼ੋ ਉਹ ਆਰਥਿਕ ਤੌਰ ਤੇ ਆਪਣੇ ਆਪ ਤੇ ਨਿਰਭਰ ਹੋ ਕੇ ਜਿੰਦਗੀ ਬਿਤਾ ਸਕਣ।

**ਪੈਨਸ਼ਨ/ਵਿੱਤੀ ਸਹਾਇਤਾ**

ਅਪੰਗਤਾ ਕਾਰਨ ਰੋਜੀ ਰੋਟੀ ਕਮਾਉਣ ਤੋਂ ਅਸਮਰਥ ਅਪੰਗ ਵਿਅਕਤੀਆਂ ਨੂੰ ਵਿਭਾਗ ਵੱਲੋਂ 250/-ਰੁ: ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਸਮੇਂ ਇਸ ਸਕੀਮ ਅਧੀਨ 1,37,910 ਵਿਅਕਤੀਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ।

**ਬੇਰੁਜ਼ਗਾਰੀ ਭੱਤਾ**

ਅਪੰਗ ਵਿਅਕਤੀ ਜੋ ਰੋਜ਼ਗਾਰ ਦਫਤਰ ਵਿੱਚ ਆਪਣਾ ਨਾਮ ਦਰਜ ਕਰਾਉਂਦੇ ਹਨ, ਉਨ੍ਹਾਂ ਨੂੰ ਬੇ-ਰੋਜਗਾਰੀ ਭੱਤਾ ਵਿਦਿਅਕ ਯੋਗਤਾ ਅਨੁਸਾਰ ਦਿੱਤਾ ਜਾਂਦਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

1. **ਨੈਤਰਹੀਣ ਅਤੇ ਡੱਫ ਐਂਡ ਡੰਬ ਵਿਅਕਤੀਆਂ ਲਈ**

   (ੳ) ਮੈਟ੍ਰਿਕ ਜਾਂ ਅੰਡਰ ਗਰੈਜੂਏਟ — 450/-ਰੁ: ਪ੍ਰਤੀ ਮਹੀਨਾ

   (ਅ) ਗਰੈਜੂਏਟ/ਪੋਸਟ ਗਰੈਜੂਏਟ — 600/-ਰੁ: ਪ੍ਰਤੀ ਮਹੀਨਾ

2. **ਸ਼ਰੀਰਕ ਤੌਰ ਤੇ ਨਕਾਰਾ ਵਿਅਕਤੀਆਂ ਲਈ**

   (ੳ) ਮੈਟ੍ਰਿਕ ਜਾਂ ਅੰਡਰ ਗਰੈਜੂਏਟ — 225/-ਰੁ: ਪ੍ਰਤੀ ਮਹੀਨਾ

   (ਅ) ਗਰੈਜੂਏਟ/ਪੋਸਟ ਗਰੈਜੂਏਟ — 300/-ਰੁ: ਪ੍ਰਤੀ ਮਹੀਨਾ

**ਕਿਰਾਏ ਦੀ ਸਹੂਲਤ**

ਸਟੇਟ ਟਰਾਂਸਪੋਰਟ (ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ.) ਦੀਆਂ ਬੱਸਾਂ ਵਿੱਚ ਨੇਤਰਹੀਣ ਵਿਅਕਤੀਆਂ ਨੂੰ ਸਾਰਾ ਕਿਰਾਇਆ ਮੁਆਫ ਹੈ ਅਤੇ ਸਰੀਰਕ ਤੌਰ ਤੇ ਨਕਾਰਾ ਵਿਅਕਤੀਆਂ ਨੂੰ ਅੱਧੇ ਕਿਰਾਏ ਤੇ ਬੱਸ ਸਫਰ ਸਹੂਲਤ ਸੁਵਿਧਾ ਪੰਜਾਬ ਸਰਕਾਰ ਵੱਲੋਂ ਪ੍ਰਦਾਨ ਕੀਤੀ ਗਈ ਹੈ। 2010-11 ਦੌਰਾਨ 469.29 ਲੱਖ ਰੁ: ਬਜਟ ਵਿਵਸਥਾ ਵਿਚੋਂ 469.29 ਲੱਖ ਰੁ: ਖਰਚ ਕੀਤੇ ਗਏ ਅਤੇ 19000 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ।

**ਅਵਾਰਡ**

ਰਾਜ ਸਰਕਾਰ ਵੱਲੋਂ ਅੰਗਹੀਣ ਵਿਅਕਤੀਆਂ ਦੀ ਭਲਾਈ ਦੇ ਖੇਤਰ ਵਿੱਚ ਕੰਮ ਕਰ ਰਹੇ ਵਿਅਕਤੀ/ਕਰਮਚਾਰੀ/ਸੋਸ਼ਲ ਵਰਕਰ, ਖਿਡਾਰੀ, ਸੰਸਥਾਵਾਂ ਆਦਿ ਨੂੰ ਸਲਾਘਾਯੋਗ ਪ੍ਰਾਪਤੀਆਂ ਦੇ ਅਧਾਰ ਤੇ ਸਟੇਟ ਅਵਾਰਡ ਨਾਲ ਸਨਮਾਨਿਤ ਕਰਨ ਦੀ ਵਿਵਸਥਾ ਹੈ। ਇਸ ਮੰਤਵ ਲਈ ਸਾਲ 2010-11 ਦੌਰਾਨ 2.00 ਲੱਖ ਰੁ: ਦੀ ਬਜਟ ਵਿਵਸਥਾ ਵਿਚੋਂ 1,30,000/-ਰੁ: ਖਰਚ ਕੀਤੇ ਗਏ ਸਨ ਅਤੇ 11 ਅਵਾਰਡੀਆਂ ਨੂੰ ਅਵਾਰਡ ਦਿੱਤੇ ਗਏ।

**ਐਨ.ਐਚ.ਐਫ.ਡੀ.ਸੀ. ਫਰੀਦਾਬਾਦ**

ਨੈਸ਼ਨਲ ਹੈਂਡੀਕੈਪਡ ਫਾਇਨਾਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ (ਐਨ.ਐਚ.ਐਫ.ਡੀ.ਸੀ. ਫਰੀਦਾਬਾਦ) ਵੱਲੋਂ ਅੰਗਹੀਣ ਵਿਅਕਤੀਆਂ ਨੂੰ ਆਤਮ ਨਿਰਭਰ ਬਣਾਉਣ/ਕੋਈ ਕੰਮ ਸੁਰੂ ਕਰਨ ਲਈ ਘੱਟ ਵਿਆਜ ਦਰਾਂ ਤੇ ਕਰਜ਼ਾ ਦਿੱਤਾ ਜਾਂਦਾ ਹੈ। ਰਾਜ ਸਰਕਾਰ ਵੱਲੋਂ ਇਸ ਮੰਤਵ ਲਈ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਅਤੇ ਵਿੱਤ ਕਾਰਪੋਰੇਸ਼ਨ ਨੂੰ ਸਟੇਟ ਚੈਨਾਲਾਈਜਿੰਗ ਏਜੰਸੀ ਘੋਸ਼ਿਤ ਕੀਤਾ ਗਿਆ ਹੈ।

**ਗਰਾਂਟਾਂ**

ਅਪੰਗ ਵਿਅਕਤੀਆਂ ਦੀ ਭਲਾਈ ਲਈ ਸਕੂਲ ਚਲਾਉਣ, ਕਿੱਤਾਕਾਰੀ ਸਿੱਖਿਆ ਦੇਣ ਅਤੇ ਮੁੜ ਬਸੇਬੇ ਦੇ ਪ੍ਰਬੰਧ ਕਰਨ ਲਈ ਸਵੈ ਇਛੁੱਕ ਸੰਸਥਾਵਾਂ ਨੂੰ ਮੁਫੱਤ ਸੇਵਾਵਾਂ ਪ੍ਰਦਾਨ ਕਰਨ ਲਈ ਸਹਾਇਤਾ ਅਨੁਦਾਨ ਦਿੱਤਾ ਜਾਂਦਾ ਹੈ।

**ਰੀੜ੍ਹ ਦੀ ਹੱਡੀ ਦਾ ਹਸਪਤਾਲ**

ਅਪੰਗਤਾ ਵਾਲੇ ਵਿਅਕਤੀਆਂ (ਸਮਾਨ ਮੌਕੇ, ਅਧਿਕਾਰਾਂ ਦੀ ਸੁਰੱਖਿਆ ਅਤੇ ਪੂਰਨ ਭਾਗੀਦਾਰੀ) ਐਕਟ 1995 ਦੇ ਉਪਬੰਧ ਤਹਿਤ ਭਾਰਤ ਸਰਕਾਰ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਨਵੀਂ ਦਿੱਲੀ ਵੱਲੋਂ ਸਾਲ 2000 ਵਿੱਚ ਰੀਜ਼ਨਲ ਸਪਾਈਨਲ ਇੰਜਰੀਜ਼ ਸੈਂਟਰ, ਸੈਕਟਰ 70, ਐਸ.ਏ.ਐਸ ਨਗਰ, ਮੋਹਾਲੀ (ਪੰਜਾਬ) ਵਿਖੇ ਸਥਾਪਨਾ ਕੀਤੀ ਗਈ ਹੈ। ਇਸ ਸੈਂਟਰ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਯੂ.ਟੀ., ਚੰਡੀਗੜ੍ਹ ਦੇ ਰੀੜ੍ਹ ਦੀ ਹੱਡੀ ਦੇ ਪੀੜ੍ਹਤ ਮਰੀਜਾਂ ਦੇ ਅਪ੍ਰੇਸ਼ਨ ਕੀਤੇ ਜਾਂਦੇ ਹਨ ਅਤੇ ਮਰੀਜਾਂ ਦੀ (ਫਿਜਿਓਥਰਾਪੀ) ਵੀ ਕੀਤੀ ਜਾ ਰਹੀ ਹੈ। ਸੈਂਟਰ ਦਾ ਕੁਝ ਹਿੱਸਾ ਉਸਾਰੀ ਅਧੀਨ ਹੈ ਅਤੇ ਜਲਦੀ ਹੀ ਇਸ ਸੈਂਟਰ ਨੂੰ ਪੂਰੀ ਤਰਾਂ ਚਾਲੂ ਕੀਤਾ ਜਾ ਰਿਹਾ ਹੈ।

**ਗੌਰਮਿੰਟ ਵਰਕਸ਼ਾਪ ਫਾਰ ਦਾ ਫਿਜੀਕਲ ਹੈਂਡੀਕੈਪਡ, ਲੁਧਿਆਣਾ।**

ਇਹ ਸੰਸਥਾ 1965 ਤੋਂ ਸਵੈ ਇਛੁੱਕ ਸੰਸਥਾਵਾਂ ਵਲੋਂ ਅਤੇ ਸਾਲ 1970 ਤੋਂ ਇਸ ਵਿਭਾਗ ਵੱਲੋਂ ਚਲਾਈ ਜਾ ਰਹੀ ਹੈ। ਇਸ ਸੰਸਥਾ ਦਾ ਮੁੱਖ ਉਦੇਸ ਸਰੀਰਕ ਤੌਰ ਤੇ ਅੰਗਹੀਣ ਵਿਅਕਤੀਆਂ ਨੂੰ ਵੱਖ-2 ਕਿੱਤਿਆਂ/ ਬੁਣਾਈ, ਹੋਜ਼ਰੀ, ਸਿਲਾਈ, ਕੈਨਿੰਗ ਮੋਮਬੱਤੀਆਂ ਆਦਿ ਵਿੱਚ ਨਿਪੁੰਨ ਕਰਨਾ ਹੈ ਤਾਂ ਜ਼ੋ ਉਹ ਆਪਣੇ ਆਪ ਤੇ ਨਿਰਭਰ ਹੋ ਸਕਣ। ਇਸ ਮੰਤਵ ਲਈ ਅੰਗਹੀਣ ਵਿਅਕਤੀਆਂ ਨੂੰ 300/- ਰੁ: ਪ੍ਰਤੀ ਮਹੀਨਾ ਵਜੀਫਾ ਵੀ ਦਿੱਤਾ ਜਾਂਦਾ ਹੈ।

**ਨੈਸ਼ਨਲ ਟਰਸਟ ਐਕਟ -1999**

ਨੈਸ਼ਨਲ ਟਰਸਟ ਫਾਰ ਦਾ ਵੈਲਫੇਅਰ ਆਫ ਪਰਸਨਜ਼ ਵਿੱਦ ਆਟੀਜ਼ਮ, ਸੈਰੀਬਰਲ ਪਾਲਿਸੀ, ਮੈਂਟਲ ਰਿਟਾਰਡੇਸ਼ਨ ਐਂਡ ਮਲਟੀਪਲ ਡਿਸਏਬਲਟੀਜ਼ ਐਕਟ-1999 ਸਾਲ 2000 ਵਿੱਚ ਪੰਜਾਬ ਰਾਜ ਵਿੱਚ ਅਪੰਗਤਾ ਵਾਲੇ ਵਿਅਕਤੀਆਂ ਦੀ ਬਿਹਤਰੀ ਲਈ ਲਾਗੂ ਕੀਤਾ ਗਿਆ ਹੈ। ਇਸ ਐਕਟ ਦੀ ਧਾਰਾ 13 ਅਧੀਨ ਜਿਲ੍ਹਾ ਪੱਧਰ ਤੇ ਲੋਕਲ ਲੈਵਲ ਕਮੇਟੀਆਂ ਦਾ ਗਠਨ ਸਬੰਧਤ ਜਿਲ੍ਹਾ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਕੀਤਾ ਜਾਂ ਰਿਹਾ ਹੈ ਅਤੇ ਐਕਟ ਦੀ ਧਾਰਾ 14(1) ਅਧੀਨ ਅਪੰਗ ਵਿਅਕਤੀ ਲਈ ਉਸ ਦੇ ਮਾਪਿਆਂ ਜਾਂ ਰਿਸਤੇਦਾਰਾਂ ਵੱਲੋਂ ਗਾਰਡੀਅਨ ਨਿਯੁਕਤ ਕਰਨ ਦੀ ਵਿਵੱਸਥਾ ਹੈ।

**ਰੈਡ ਕਰਾਸ ਸੰਸਥਾਵਾਂ ਦਾ ਯੋਗਦਾਨ**

ਇੰਡੀਅਨ ਰੈਡ ਕਰਾਸ ਸੋਸਾਇਟੀ ਵਲੋਂ ਵੱਖ-ਵੱਖ ਅਪੰਗਤਾ ਨਾਲ ਸਬੰਧਤ ਬੱਚਿਆਂ ਦੀ ਪੜ੍ਹਾਈ ਲਈ ਸਕੂਲ ਚਲਾਏ ਜਾ ਰਹੇ ਹਨ। ਅੰਗਹੀਣਾਂ ਲਈ ਕੰਮ ਕਰ ਰਹੀਆਂ ਸਵੈ-ਇਛੁੱਕ ਸੰਸਥਾਵਾਂ/ਰਾਜ ਸਰਕਾਰ ਵਲੋਂ ਚਲਾਏ ਜਾ ਰਹੇ ਸਕੂਲਾਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਗੂੰਗੇ ਅਤੇ ਬੋਲੇ ਬੱਚਿਆਂ ਦੇ ਸਕੂਲ**

ਜਿਲ੍ਹਾ ਰੈਡ ਕਰਾਸ ਸੋਸਾਇਟੀ ਜਲੰਧਰ, ਅੰਮ੍ਰਿਤਸਰ, ਬਠਿੰਡਾ ਅਤੇ ਗੁਰਦਾਸਪੁਰ ਵਲੋਂ ਗੂੰਗੇ ਅਤੇ ਬੋਲੇ ਬੱਚਿਆਂ ਲਈ ਸਕੂਲ ਭਾਰਤ ਸਰਕਾਰ ਤੋਂ ਗਰਾਂਟ ਇੰਨ ਏਡ ਪ੍ਰਾਪਤ ਕਰਕੇ ਚਲਾਏ ਜਾ ਰਹੇ ਹਨ।

**ਨੇਤਰਹੀਣਾਂ ਲਈ ਸਕੂਲ**

ਜਿਲ੍ਹਾ ਰੈਡ ਕਰਾਸ ਸੋਸਾਇਟੀ ਫਰੀਦਕੋਟ ਵਲੋਂ ਨੇਤਰਹੀਣ ਵਿਦਿਆਰਥੀਆਂ/ਸਿਖਿਆਰਥੀਆਂ ਲਈ ਇਕ ਸਕੂਲ ਚਲਾਇਆ ਜਾ ਰਿਹਾ ਹੈ।

ਨੇਤਰਹੀਣ ਵਿਦਿਆਰਥੀਆਂ/ਸਿਖਿਆਰਥੀਆਂ ਲਈ ਸਰਕਾਰੀ ਸੰਸਥਾ ਜਮਾਲਪੁਰ, ਲੁਧਿਆਣਾ ਵਿਖੇ ਰਾਜ ਸਰਕਾਰ ਵਲੋਂ ਚਲਾਈ ਜਾ ਰਹੀ ਹੈ। ਇਸ ਸੰਸਥਾ ਵਿੱਚ ਬੱਚਿਆਂ ਦੀ ਰਿਹਾਇਸ਼ ਖਾਣ-ਪੀਣ ਅਤੇ ਮੁਫਤ ਕਿਤਾਬਾਂ ਆਦਿ ਦਾ ਪ੍ਰਬੰਧ ਦਸਵੀਂ ਪੱਧਰ ਦੀ ਸਿੱਖਿਆ ਤੱਕ ਕੀਤਾ ਗਿਆ ਹੈ।

**ਮੈਂਟਲੀ ਰਿਟਾਰਡਿਡ ਬੱਚਿਆਂ ਲਈ ਸਕੂਲ**

ਜਿਲ੍ਹਾ ਰੈਡ ਕਰਾਸ ਸੋਸਾਇਟੀ ਜਲੰਧਰ, ਹੁਸ਼ਿਆਰਪੁਰ, ਫਰੀਦਕੋਟ ਵਲੋਂ ਮੈਂਟਲੀ ਰਿਟਾਰਡਿਡ ਬੱਚਿਆਂ ਨੂੰ ਸਿੱਖਿਆਂ ਪ੍ਰਦਾਨ ਕਰਨ ਲਈ ਸਕੂਲ ਖੋਲੇ ਗਏ ਹਨ। ਇਨ੍ਹਾਂ ਸਵੈ-ਇਛੁੱਕ ਸੰਸਥਾਵਾਂ ਤੋਂ ਇਲਾਵਾ ਇਕ ਹੋਮ, ਹੋਮ ਫਾਰ ਮੈਂਟਲੀ ਰਿਟਾਰਡਿਡ ਚਿਲਡਰਨ ਕਪੂਰਥਲਾ ਰਾਜ ਸਰਕਾਰ ਵਲੋਂ ਚਲਾਇਆ ਜਾ ਰਿਹਾ ਹੈ।

**ਸਮਾਜਿਕ ਸੁਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਵਿੱਚ ਪ੍ਰਾਪਤੀਆਂ/ ਉਪਲਬੱਧੀਆਂ**

ਨੇਤਰਹੀਣ ਵਿਆਕਤੀਆਂ ਲਈ ਸਰਕਾਰੀ ਸੰਸਥਾ ਜਮਾਲਪੁਰ ਲੁਧਿਆਣਾ ਵਿਖੇ ਨੇਤਰਹੀਣ ਵਿਅਕਤੀਆਂ ਨੂੰ ਦਸਵੀਂ ਪੱਧਰ ਤੱਕ ਦੀ ਮੁਫਤ ਸਿੱਖਿਆ/ਰਿਹਾਇਸ਼ ਦਿੱਤੇ ਜਾਣ ਦੀ ਵਿਵਸਥਾ ਹੈ। ਸਾਲ 2009-10 ਤੋਂ 57 ਸਹਿਵਾਸੀ ਪੜ੍ਹ ਰਹੇ ਹਨ। ਇਨ੍ਹਾਂ ਸਹਿਵਾਸੀਆਂ ਲਈ ਮਹੀਨਾ 8/2011 ਤੋਂ ਰਾਸ਼ਨ ਸਕੇਲ 900/-ਰੁ: ਤੋਂ ਵਧਾਕੇ 1500/-ਰੁ: ਰਾਜ ਸਰਕਾਰ ਵਲੋਂ ਪ੍ਰਤੀ ਮਹੀਨਾ ਕੀਤਾ ਗਿਆ ਹੈ। ਇਸ ਸੰਸਥਾ ਵਿਖੇ ਬ੍ਰੇਲ ਪ੍ਰੈਸ/ਆਡੀਓ ਵੀਡਿਉਕੈਸਿਟ ਲਾਇਬਰੇਰੀ ਸਥਾਪਤ ਹੈ। ਜਿਥੇ ਇਸ ਸੰਸਥਾ ਵਿਖੇ ਵੀ.ਆਰ.ਸੀ ਰਾਂਹੀ ਕਿੱਤਾਕਾਰੀ ਸਿਖਾਈ ਜਾਂਦੀ ਹੈ, ਇਸ ਤੋਂ ਇਲਾਵਾ 2 ਸਾਲ ਦਾ ਟੀਚਰ ਟਰੇਨਿੰਗ

ਕੋਰਸ ਵੀ ਕਰਵਾਇਆ ਜਾਂਦਾ ਹੈ। ਇਸ ਨੂੰ ਈ.ਟੀ.ਟੀ ਦੇ ਬਰਾਬਰ ਮਾਨਤਾ ਦਿੱਤੀ ਗਈ ਹੈ। ਇਸ ਕੋਰਸ ਵਿਚ ਸਾਲ 2011-12 ਦੌਰਾਨ 25 ਵਿਅਕਤੀ ਈ.ਟੀ.ਟੀ ਦਾ ਕੋਰਸ ਪ੍ਰਾਪਤ ਕਰ ਰਹੇ ਹਨ।

ਇਸ ਤੋਂ ਇਲਾਵਾ ਅੰਗਹੀਣਾ ਲਈ ਸਰਕਾਰੀ ਵਰਕਸ਼ਾਪ, ਸ਼ਿਮਲਾਪੁਰੀ ਲੁਧਿਆਣਾ ਵਿਖੇ ਚਲਾਈ ਜਾ ਰਹੀ ਹੈ। ਇਸ ਵਿੱਚ ਇਸ ਸਾਲ 17 ਅੰਗਹੀਣ ਵਿਅਕਤੀ ਟਰੇਨਿੰਗ ਪ੍ਰਾਪਤ ਕਰ ਰਹੇ ਹਨ। ਇਕ ਹੋਮ ਮੈਂਟਲੀ ਰਿਟਾਰਡਿਡ ਬੱਚਿਆਂ ਲਈ ਕਪੂਰਥਲਾ ਵਿਖੇ ਚੱਲ ਰਿਹਾ ਹੈ। ਇਸ ਸਾਲ ਦੌਰਾਨ 17 ਸਹਿਵਾਸੀ ਲਾਭ ਪ੍ਰਾਪਤ ਕਰ ਰਹੇ ਹਨ। ਰਾਜ ਦੇ ਨੇਤਰਹੀਣ/ ਅੰਗਹੀਣ ਵਿਅਕਤੀਆਂ ਲਈ ਸਟੇਟ ਟਰਾਂਸਪੋਰਟ ਦੀਆਂ ਬੱਸਾਂ (ਪੀ.ਆਰ.ਟੀ.ਸੀ/ ਪੰਜਾਬ ਰੋਡਵੇਜ) ਵਿੱਚ ਕ੍ਰਮਵਾਰ ਮੁਫਤ/ਰਿਆਇਤੀ ਦਰ੍ਹਾਂ ਤੇ ਬੱਸ ਸਫਰ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਸਕੀਮ ਅਧੀਨ ਹਰ ਸਾਲ 19000 ਲਾਭਪਾਤਰੀ ਲਾਭ ਪ੍ਰਾਪਤ ਕਰ ਰਹੇ ਹਨ। ਅੰਗਹੀਣ ਵਿਅਕਤੀਆਂ ਜਿਨ੍ਹਾਂ ਦੀ ਅਪੰਗਤਾ 50% ਤੋਂ ਵੱਧ ਹੈ, ਉਨ੍ਹਾਂ ਲਈ ਪੈਨਸ਼ਨ/ ਵਿੱਤੀ ਸਹਾਇਤਾ ਸਕੀਮ ਅਧੀਨ 250/-ਰੁ: ਪ੍ਰਤੀ ਮਹੀਨਾ ਦਿੱਤੇ ਜਾਣ ਦੀ ਵਿਵਸਥਾ ਹੈ। ਇਸ ਸਾਲ ਦੌਰਾਨ ਇਸ ਸਕੀਮ ਅਧੀਨ 137910 ਅੰਗਹੀਣ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ।

ਉਪਰੋਕਤ ਤੋਂ ਇਲਾਵਾ ਵਿਭਾਗ ਵਲੋਂ ਅੰਗਹੀਣਾ ਦੀ ਭਲਾਈ ਦੇ ਖੇਤਰ ਵਿੱਚ ਕੁੱਝ ਅਹਿਮ ਪ੍ਰਾਪਤੀਆਂ/ਉਪਲਬੱਧੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹੈ:-

1. ਰਾਜ ਦੇ ਸਮੂਹ ਵਿਭਾਗਾਂ ਵਿੱਚ ਨੇਤਰਹੀਣ ਵਿਅਕਤੀਆਂ ਲਈ 1% ਰਾਖਵਾਂਕਰਨ ਅਨੁਸਾਰ ਬੈਕਲਾਗ ਦੀਆਂ ਅਸਾਮੀਆਂ ਦੀ ਪੂਰਤੀ ਲਈ ਇਸ ਵਿਭਾਗ ਵਲੋਂ ਇਕ ਨੋਡਲ ਵਿਭਾਗ ਹੋਣ ਦੇ ਨਾਤੇ 18 ਵਿਭਾਗਾਂ ਵਿਖੇ 317 ਗਰੁੱਪ "ਏ", "ਬੀ", "ਸੀ" ਅਤੇ "ਡੀ" ਵਿੱਚ ਬੈਕਲਾਗ ਦੀਆਂ ਅਸਾਮੀਆਂ ਵਿਰੁੱਧ ਵੱਖ ਵੱਖ ਵਿਭਾਗਾਂ ਦੀ ਮੰਗ ਦੇ ਆਧਾਰ ਤੇ ਸਮੁੱਚੇ ਤੌਰ ਤੇ ਅਖਬਾਰਾਂ ਵਿੱਚ ਵਿਗਿਆਪਨ ਦੇ ਕੇ ਬੇਨਤੀ ਪੱਤਰਾਂ ਦੀ ਮੰਗ ਕੀਤੀ ਗਈ। ਸਬੰਧਤ 16 ਵਿਭਾਗਾਂ ਵਲੋਂ ਵਿਭਾਗੀ ਚੋਣ ਕਮੇਟੀਆਂ ਰਾਂਹੀ ਉਨ੍ਹਾਂ ਦੇ ਵਿਭਾਗਾਂ ਨਾਲ ਸਬੰਧਤ ਅਸਾਮੀਆਂ ਦੀ ਭਰਤੀ ਕੀਤੀ ਜਾ ਚੁੱਕੀ ਹੈ। ਦੋ ਵਿਭਾਗ ਜਿਨ੍ਹਾਂ ਵਿੱਚ ਸਿੱਖਿਆ ਵਿਭਾਗ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਸ਼ਾਮਲ ਹਨ ਵਲੋਂ ਯੋਗ ਕਾਰਵਾਈ ਕੀਤੀ ਜਾ ਰਹੀ ਹੈ, ਜੋ ਕਿ ਜਲਦੀ ਹੀ ਮੁਕੰਮਲ ਕਰ ਲਈ ਜਾਵੇਗੀ।

2. ਰਾਜ ਸਰਕਾਰ ਵਲੋਂ ਅੰਗਹੀਣ ਵਿਅਕਤੀਆਂ ਲਈ ਹਰ ਵਿਭਾਗ ਦੀਆਂ ਅਸਾਮੀਆਂ ਦੀ ਪਹਿਚਾਣ ਸੂਚੀ ਤਿਆਰ ਕਰਨ ਲਈ ਰੋਜ਼ਗਾਰ ਵਿਭਾਗ ਅਧੀਨ ਐਕਸਪਰਟ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਲੋਂ ਸਾਲ 2003 ਵਿੱਚ ਇਨ੍ਹਾਂ ਅਸਾਮੀਆਂ ਦੀ ਪਹਿਚਾਣ ਸੂਚੀ ਜਾਰੀ ਕੀਤੀ ਗਈ। ਇਨ੍ਹਾਂ ਅਸਾਮੀਆਂ ਦਾ ਮੁੜ ਰਵਿਊ ਕੀਤਾ ਜਾਣਾ ਸੀ, ਪ੍ਰੰਤੂ ਰਾਜ ਸਰਕਾਰ ਵਲੋਂ ਇਸ ਵਿਸ਼ੇ ਸਬੰਧੀ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਗਏ ਸ਼ਨਾਖਤੀਕਰਨ ਨੂੰ ਹੂਬ ਹੂਬ ਮੰਨਿਆ ਗਿਆ ਅਤੇ ਇਸ ਸਬੰਧ ਵਿੱਚ ਸਾਰੇ ਵਿਭਾਗਾਂ/ਬੋਰਡ/ਕਾਰਪੋਰੇਸ਼ਨਾ/ਯੂਨੀਵਰਸਿਟੀਆਂ ਆਦਿ ਨੂੰ ਲਾਗੂ ਕਰਨ ਦੇ ਆਦੇਸ਼ ਦਿੱਤੇ ਗਏ ਹਨ।

3 ਰਾਜ ਸਰਕਾਰ ਵਲੋਂ ਅੰਗਹੀਣ ਵਿਅਕਤੀਆਂ ਲਈ ਸਿੱਧੀ ਭਰਤੀ ਵਿੱਚ ਗਰੁੱਪ "ਸੀ" ਅਤੇ "ਡੀ" ਦੀਆਂ ਅਸਾਮੀਆਂ ਵਿੱਚ ਮਿਤੀ 24.11.1982 ਤੋਂ ਰਾਖਵਾਂਕਰਨ ਲਾਗੂ ਕੀਤਾ ਗਿਆ ਹੈ, ਜਦੋਂ ਕਿ ਏ ਅਤੇ ਬੀ ਗਰੁੱਪ ਵਿੱਚ ਇਹ ਰਾਖਵਾਕਰਨ 16.1.1997 ਤੋਂ ਲਾਗੂ ਹੈ।ਤਰੱਕੀ ਦੇ ਕੇਸਾਂ ਵਿੱਚ ਅੰਗਹੀਣ ਵਿਅਕਤੀਆਂ ਲਈ ਕੋਈ ਰਾਖਵਾਂਕਰਨ ਨਹੀ ਸੀ।ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਇਸ ਵਰਗ ਨੂੰ ਤਰੱਕੀ ਦੇ ਕੇਸਾਂ ਵਿੱਚ ਵੀ 3% ਰਾਖਵਾਂਕਰਨ ਦੇਣ ਦਾ ਫੈਸਲਾ ਕੀਤਾ ਗਿਆ ਹੈ।ਮਾਨਯੋਗ ਹਾਈ ਕੋਰਟ ਦੇ ਫੈਸਲੇ ਦੇ ਅਧਾਰ ਤੇ ਰਾਜ ਸਰਕਾਰ ਵਲੋਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ।

4 ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਜਿਲ੍ਹਾ ਪੱਧਰ ਤੇ ਅੰਗਹੀਣ ਵਿਅਕਤੀਆਂ ਨੂੰ ਰਾਜ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਦਿਵਾਉਣ ਲਈ ਕੈਂਪਾਂ ਦਾ ਆਯੋਜਨ ਕੀਤਾ ਗਿਆ ਹੈ।ਇਨ੍ਹਾਂ ਕੈਂਪਾ ਰਾਂਹੀ ਅੰਗਹੀਣ ਵਿਅਕਤੀਆਂ ਨੂੰ ਸਿਹਤ ਵਿਭਾਗ ਵਲੋਂ ਅਪੰਗਤਾ ਸਰਟੀਫਿਕੇਟ ਅਤੇ ਉਸ ਦੇ ਆਧਾਰ ਤੇ ਜਿਲਾ ਸਮਾਜਿਕ ਸੁਰੱਖਿਆ ਅਫਸਰਾਂ ਵਲੋਂ ਮੌਕੇ ਤੇ ਹੀ ਅਪੰਗਤਾ ਸਰਟੀਫਿਕੇਟ ਦੇ ਅਧਾਰ ਤੇ ਪਹਿਚਾਣ ਕਾਰਡ ਜਾਰੀ ਕੀਤੇ ਗਏ।ਇਸ ਤੋਂ ਇਲਾਵਾ ਅੰਗਹੀਣ ਵਿਅਕਤੀਆਂ ਨੂੰ ਨਕਲੀ ਅੰਗ ਦਿਵਾਉਣ ਲਈ ਸਿਹਤ ਵਿਭਾਗ ਵਲੋਂ ਅਪੰਗ ਵਿਅਕਤੀਆਂ

ਦਾ ਸ਼ਨਾਖਤੀਕਰਨ ਕੀਤਾ ਗਿਆ ਤਾਂ ਜ਼ੋ ਉਨ੍ਹਾਂ ਨੂੰ ਲੋੜ ਅਨੁਸਾਰ ਨਕਲੀ ਅੰਗ ਮੁਹਈਆ ਕਰਵਾਂਏ ਜਾ ਸਕਣ।

5. ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਬਜੁਰਗਾਂ, ਵਿਧਵਾ ਅਤੇ ਨਿਆਸਰਿਤ ਔਰਤਾਂ, ਆਸ਼ਰਿਤ ਬੱਚਿਆਂ ਅਤੇ ਅਪੰਗ ਵਿਅਕਤੀਆਂ ਨੂੰ ਉਨ੍ਹਾਂ ਦੇ ਗੁਜ਼ਾਰੇ ਲਈ ਵਿੱਤੀ ਸਹਾਇਤਾ 250/- ਰੁ: ਪ੍ਰਤੀ ਮਹੀਨਾ ਦੀ ਦਰ ਨਾਲ ਦਿੱਤੀ ਜਾਂਦੀ ਹੈ। ਇਨ੍ਹਾਂ ਸਕੀਮਾਂ ਲਈ ਸਾਲ 2010-11 ਦੌਰਾਨ 536.00 ਕਰੋੜ ਰੁਪਏ ਦੀ ਰਾਸ਼ੀ 1802806 ਲਾਭਪਾਤਰੀਆਂ ਵਿਚ ਵੰਡੀ ਜਾ ਚੁੱਕੀ ਹੈ ਸਾਲ 2011-12 ਲਈ 591.00 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।ਜਿਸ ਵਿਚੋਂ ਅਗਸਤ, 2011 ਤੱਕ 288.57 ਕਰੋੜ ਰੁਪਏ ਦੀ ਰਾਸ਼ੀ ਜਿਲ੍ਹਿਆਂ ਨੂੰ ਰਲੀਜ਼ ਕੀਤੀ ਜਾ ਚੁੱਕੀ ਹੈ।ਇਨ੍ਹਾਂ ਚਾਰੇ ਸਕੀਮਾਂ ਅਧੀਨ ਕੁੱਲ 1978016 ਲਾਭਪਾਤਰੀ ਲਾਭ ਲੈ ਰਹੇ ਹਨ।

6. ਮੌਜੂਦਾ ਸਮੇਂ ਆਂਗਣਵਾੜੀ ਵਰਕਰ ਨੂੰ 3800/- ਰੁਪਏ ਅਤੇ ਹੈਲਪਰ ਨੂੰ 1900/- ਰੁਪਏ ਅਦਾਇਗੀ ਕੀਤੀ ਜਾ ਰਹੀ ਹੈ, ਜਿਸ ਵਿਚੋਂ 800/- ਰੁਪਏ ਆਂਗਣਵਾੜੀ ਵਰਕਰ ਅਤੇ 400/- ਰੁਪਏ ਹੈਲਪਰ ਨੂੰ ਰਾਜ ਸਰਕਾਰ ਵਲੋਂ ਅਦਾ ਕੀਤੇ ਜਾ ਰਹੇ ਹਨ।

7. ਪਿਛਲੇ ਸਾਲ ਦੌਰਾਨ ਭਾਰਤ ਸਰਕਾਰ ਵਲੋਂ 6487 ਪ੍ਰਵਾਨ ਕੀਤੇ ਗਏ ਆਂਗਣਵਾੜੀ ਸੈਂਟਰਾਂ ਵਿਚ 6487 ਆਂਗਣਵਾੜੀ ਵਰਕਰਾਂ ਅਤੇ 5267 ਹੈਲਪਰਾਂ ਦੀ ਭਰਤੀ ਕੀਤੀ ਗਈ ਹੈ। ਇਸ ਤਰ੍ਹਾਂ ਰਾਜ ਸਰਕਾਰ ਵਲੋਂ ਪਿਛਲੇ ਸਾਲ ਦੋਰਾਨ 11754 ਔਰਤਾਂ (6487+5267=11754), ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ।

8. ਸਾਲ 2011-12 ਦੌਰਾਨ ਸ਼ਰੀਰਕ ਤੌਰ ਤੇ ਕਮਜੋਰ ਬੱਚਿਆਂ ਦੇ ਨਿਊਟਰੇਸ਼ਨ ਦੇਣ ਦੇ ਨਾਰਮ ਵਿੱਚ ਵੀ ਰਾਜ ਸਰਕਾਰ ਵਲੋਂ ਵਾਧਾ ਕੀਤਾ ਗਿਆ ਹੈ।

| **ਲਾਭਪਾਤਰੀ** | **ਭਾਰਤ ਸਰਕਾਰ ਦੇ ਰੇਟ** | **ਰਾਜ ਸਰਕਾਰ ਦੇ ਰੇਟ** |
|---|---|---|
| 0 ਮਹੀਨੇ ਤੋਂ 3 ਸਾਲ ਦੇ ਬੱਚੇ | 4.00 ਰੁਪਏ ਪ੍ਰਤੀ ਦਿਨ ਪ੍ਰਤੀ ਬੱਚਾ | 6.00 ਰੁਪਏ ਪ੍ਰਤੀ ਦਿਨ ਪ੍ਰਤੀ ਬੱਚਾ |
| 3 ਸਾਲ ਤੋਂ 6 ਸਾਲ ਦੇ ਬੱਚ | 4.00 ਰੁਪਏ ਪ੍ਰਤੀ ਦਿਨ ਪ੍ਰਤੀ ਬੱਚਾ | 5.00 ਰੁਪਏ ਪ੍ਰਤੀ ਦਿਨ ਪ੍ਰਤੀ ਬੱਚਾ |
| ਗਰਭਵਤੀ ਅਤੇ ਦੁੱਧ ਪਿਲਾਉਂਦੀਆਂ ਔਰਤਾਂ | 5.00 ਰੁਪਏ ਪ੍ਰਤੀ ਦਿਨ ਪ੍ਰਤੀ ਲਾਭਪਾਤਰੀ | 5.00 ਰੁਪਏ ਪ੍ਰਤੀ ਦਿਨ ਪ੍ਰਤੀ ਲਾਭਪਾਤਰੀ |
| ਕਮਜੋਰ ਬੱਚੇ | 6.00 ਰੁਪਏ ਪ੍ਰਤੀ ਦਿਨ ਪ੍ਰਤੀ ਬੱਚਾ | 6.00 ਰੁਪਏ ਪ੍ਰਤੀ ਦਿਨ ਪ੍ਰਤੀ ਬੱਚਾ |

9. ਰਾਜ ਸਰਕਾਰ ਔਰਤਾਂ ਦੀ ਸਥਿਤੀ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਜਿੰਮੇਵਾਰ ਹੈ ਅਤੇ ਰਾਜ ਵਿੱਚ ਵੱਖ-ਵੱਖ ਸਕੀਮਾਂ ਜਿਵੇਂ ਕਿ ਕੰਨਿਆ ਜਾਗਰਿਤ ਜ਼ੋਤੀ ਸਕੀਮ, ਕਿਸ਼ੋਰੀ ਸ਼ਕਤੀ ਯੋਜਨਾ, ਅਤੇ 60 ਸਾਲ ਤੋਂ ਉਪਰ ਉਮਰ ਦੀਆਂ ਔਰਤਾਂ ਨੂੰ ਪੰਜਾਬ ਰੋਡਵੇਜ/ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਅੱਧੇ ਕਿਰਾਏ ਤੇ ਸਫਰ ਕਰਨ ਦੀ ਸਹੂਲਤ ਸਕੀਮ ਮਹਿਲਾ ਸ਼ਕਤੀਕਰਨ ਲਈ ਲਾਗੂ ਕੀਤੀਆਂ ਜਾ ਰਹੀਆਂ ਹਨ। ਨੰਨੀ ਛਾਂ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ।

10. ਨਵੀਂਆਂ ਜਨਮੀਆਂ ਬੱਚੀਆਂ ਨੂੰ ਸਨਮਾਨਿਤ ਕਰਨ ਲਈ ਰਾਜ ਪੱਧਰੀ ਲੋਹੜੀ ਸਮਾਰੋਹ ਲੁਧਿਆਣਾ ਵਿਖੇ ਮਨਾਇਆ ਗਿਆ ਜਿਸ ਵਿਚ 21 ਨਵੀਂਆਂ ਜਨਮੀਆਂ ਬੱਚੀਆਂ ਨੂੰ ਨਕਦ ਰਾਸ਼ੀ ਅਤੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ।

11. ਪੰਜਾਬ ਸਰਕਾਰ ਵਲੋਂ ਸਾਲ 2011-12 ਦੌਰਾਨ ਨਸ਼ਿਆਂ ਦੀ ਬੁਰਾਈ ਸਬੰਧੀ ਜਾਗਰੁਕਤਾ ਲਿਆਉਣ ਲਈ 100.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

12. ਨੇਤਰਹੀਣਾ ਦੀ ਸਰਕਾਰੀ ਸੰਸਥਾ,ਜਮਾਲਪੁਰ ਵਿਖੇ ਨੇਤਰਹੀਣਾ ਦੀ ਭਲਾਈ ਲਈ ਬਰੇਲ ਪ੍ਰੈਸ ਅਤੇ ਆਡਿਓ ਕੈਸਟ ਲਾਇਬਰੇਰੀ ਦੀ ਸਥਾਪਨਾ ਕੀਤੀ ਗਈ ਹੈ ਜਿਥੇ ਕਿ ਨੇਤਰਹੀਣਾ ਲਈ ਬਰੇਲ

ਕਿਤਾਬਾਂ ਛਾਪੀਆਂ ਜਾਂਦੀਆਂ ਹਨ ਅਤੇ 18 ਸਾਲ ਦੀ ਉਮਰ ਤੱਕ ਦੇ ਨੇਤਰਹੀਣ ਵਿਦਿਆਰਥੀਆਂ ਲਈ ਮੁਫਤ ਕਿਤਾਬਾ ਦਿਤੀਆਂ ਜਾਂਦੀਆਂ ਹਨ। ਸੰਸਥਾ ਲਈ ਆਧੁਨਿਕ ਮਸ਼ੀਨਰੀ/ਇੰਮਬੋਸਰ ਦੀ ਖਰੀਦ ਕਰ ਕੇ ਸਥਾਪਤ ਕੀਤਾ ਜਾ ਚੁਕਾ ਹੈ।

13. ਸੰਸਥਾ ਲਈ 1.47 ਕਰੋੜ ਰੁਪਏ ਦੀ ਲਾਗਤ ਦਾ ਆਧੁਨਿਕ ਆਡੀਟੋਰੀਅਮ ਬਣਾਇਆ ਗਿਆ ਹੈ।

14. ਅਪੰਗ ਵਰਕਰਾਂ/ਕਰਮਚਾਰੀਆਂ/ਇੰਪਲਾਇਰ ਅਤੇ ਉਨਾਂ ਵਿਅਕਤੀਆਂ/ਸੰਸਥਾਵਾਂ ਨੂੰ ਜਿਨ੍ਹਾਂ ਵਲੋਂ ਅੰਗਹੀਣ ਵਿਅਕਤੀਆਂ ਦੀ ਭਲਾਈ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕੀਤੇ ਜਾਂਦੇ ਹਨ ਨੂੰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤੇ ਜਾਣ ਲਈ 2 ਲੱਖ ਰੁਪਏ ਜਾਰੀ ਕੀਤੇ ਗਏ ਅਤੇ 9 ਵਿਅਕਤੀਆਂ ਨੂੰ ਸਟੇਟ ਅਵਾਰਡ ਅਤੇ 2 ਸੰਸਥਾਵਾਂ ਨੂੰ ਰਾਜ ਪੱਧਰੀ ਸਮਾਰੋਹ ਵਿਚ ਜਲੰਧਰ ਵਿਖੇ ਮਿਤੀ 3-12-2010 ਨੂੰ ਸਨਮਾਨਤ ਕੀਤਾ ਗਿਆ।

15. ਰਾਜ ਸਰਕਾਰ ਵਲੋਂ ਰੀਜ਼ਨਲ ਸਪਾਈਨਲ ਇੰਜਰੀਜ਼ ਸੈਂਟਰ, ਸੈਕਟਰ-70, ਮੋਹਾਲੀ ਵਿਖੇ 5 ਏਕੜ ਵਿੱਚ 8.15 ਕਰੋੜ ਰੁਪਏ ਦੇ ਖਰਚੇ ਨਾਲ ਚਾਲੂ ਕੀਤਾ ਗਿਆ ਹੈ। ਮੈਡੀਕਲ ਅਕਿਊਪਮੈਂਟਸ (ਸਾਜੋ ਸਮਾਨ) ਦੀ ਖਰੀਦ ਦਾ ਕੰਮ ਪੂਰਾ ਕੀਤਾ ਜਾ ਚੁਕਾ ਹੈ।

16. ਪੰਜਾਬ ਸਰਕਾਰ ਵੱਲੋਂ "Maintenance and Welfare of Parents and Senio Citizen Act, 2007" ਲਾਗੂ ਕੀਤਾ ਗਿਆ ਹੈ। ਇਸ ਐਕਟ ਅਧੀਨ ਬਜ਼ੁਰਗ ਮਾਪਿਆਂ ਨੂੰ ਦੇਖ ਭਾਲ ਨਾ ਕਰਨ ਜਾਂ ਤੰਗ ਕਰਨ ਵਾਲੇ ਬੱਚਿਆਂ ਲਈ ਸਜ਼ਾ ਅਤੇ ਜ਼ੁਰਮਾਨੇ ਦਾ ਉਪਬੰਧ ਹੈ।

17. ਪੰਜਾਬ ਰਾਜ ਵਿਚ "Domestic Violence Act, 2005" ਮਿਤੀ 17-10-2006 ਤੋਂ ਲਾਗੂ ਹੋਇਆ ਹੈ। ਇਸ ਐਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਐਕਟ ਦੀ ਸੈਕਸ਼ਨ 8 ਤਹਿਤ ਰਾਜ ਦੇ ਸਮੂਹ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਨੂੰ ਪ੍ਰੋਟੈਕਸ਼ਨ ਅਫਸਰ ਨਿਯੁਕਤ ਕੀਤਾ ਗਿਆ ਹੈ। ਇਸ ਸਾਲ ਦੌਰਾਨ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਪਬਲਿਕ ਵਿਚ ਜਾਗਰੂਕਤਾ ਲਿਆਉਣ ਲਈ ਸੈਮੀਨਾਰ ਆਯੋਜਿਤ ਕੀਤੇ ਗਏ ਹਨ।

18. ਵੱਖ-ਵੱਖ ਭਲਾਈ ਦੇ ਖੇਤਰ ਵਿੱਚ ਕੰਮ ਕਰ ਰਹੀਆਂ 22 ਗੈਰ-ਸਰਕਾਰੀ ਸੰਸਥਾਵਾਂ ਲਈ ਭਾਰਤ ਸਰਕਾਰ ਨੂੰ ਗਰਾਂਟ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।

19. ਜਨ ਸ੍ਰੀ ਬੀਮਾਂ ਯੋਜਨਾ ਸਕੀਮ ਅਧੀਨ ਰਾਜ ਸਰਕਾਰ ਵਲੋਂ ਗਰੀਬੀ ਰੇਖਾ ਤੋਂ ਹੇਠ ਰਹਿ ਰਹੇ ਪ੍ਰੀਵਾਰਾਂ ਲਈ ਸਮਾਜਿਕ ਸੁਰਖਿਆ ਮੁਹੱਈਆਂ ਕਰਵਾਉਣ ਲਈ 4.00 ਕਰੋੜ ਰੁਪਏ ਦਾ ਸਾਲ 2011-12 ਦੌਰਾਨ ਬਜਟ ਉਪਬੰਧ ਕੀਤਾ ਗਿਆ ਹੈ। ਇਸ ਸਕੀਮ ਅਧੀਨ ਰਾਜ ਦੇ 4 ਲੱਖ ਪ੍ਰੀਵਾਰ ਕਵਰ ਕੀਤੇ ਜਾਣਗੇ।

20. ਆਮ ਆਦਮੀ ਬੀਮਾ ਯੋਜਨਾ ਸਕੀਮ ਅਧੀਨ ਰਾਜ ਸਰਕਾਰ ਵਲੋਂ ਭੂਮੀ ਹੀਣ ਪ੍ਰੀਵਾਰਾ ਨੂੰ ਸਮਾਜਿਕ ਸੁਰੱਖਿਆ ਮੁਹੱਈਆਂ ਕਰਵਾਉਣ ਲਈ 1.30 ਕਰੋੜ ਰੁਪਏ ਦਾ ਸਾਲ 2011-12 ਲਈ ਬਜਟ ਉਪਬੰਧ ਕੀਤਾ ਗਿਆ ਹੈ। ਇਸ ਰਾਸ਼ੀ ਨਾਲ ਰਾਜ ਦੇ 1.30 ਲੱਖ ਪ੍ਰੀਵਾਰ ਕਵਰ ਕੀਤੇ ਜਾਣਗੇ।

ਨੋਟ:- ਇਨ੍ਹਾਂ ਦੋਵੇਂ ਸਕੀਮਾ ਅਧੀਨ ਲਾਭਪਾਤਰੀਆਂ ਨੂੰ ਹੇਠ ਲਿਖੇ ਅਨੁਸਾਰ ਲਾਭ ਮੁਹੱਈਆਂ ਕਰਵਾਏ ਜਾਣਗੇ:-

| | | |
|---|---|---|
| 1) | ਕੁਦਰਤੀ ਮੌਤ | 30,000/- ਰੁ. |
| 2) | ਦੁਰਘਟਨਾ ਕਾਰਨ ਮੌਤ | 75,000/- ਰੁ. |
| 3) | ਦੁਰਘਟਨਾ ਕਾਰਨ ਸਥਾਈ ਤੌਰ ਤੇ ਅਪੰਗ ਹੋਣਾ | 75,000/- ਰੁ. |
| 4) | ਦੁਰਘਟਨਾ ਕਾਰਨ 2 ਅੰਗਾਂ ਦੇ ਅਪੰਗ ਹੋਣ ਤੇ | 75,000/- ਰੁ. |
| 5) | ਦੁਰਘਟਨਾ ਕਾਰਨ 1 ਅੰਗ ਦੇ ਅਪੰਗ ਹੋਣ ਤੇ | 37,500/- ਰੁ. |

ਇਨ੍ਹਾਂ ਸਕੀਮਾਂ ਅਧੀਨ ਲਾਭਪਾਤਰੀ ਦੇ ਦੋ ਬੱਚਿਆਂ ਤੱਕ 600/- ਰੁਪਏ ਛਿਮਾਹੀ ਪ੍ਰਤੀ ਬੱਚਾ ਸਕਾਲਰਸ਼ਿਪ ਦਾ ਲਾਭ ਪ੍ਰਾਪਤ ਕਰਨ ਦੇ ਯੋਗ ਹੋਣਗੇ, ਜ਼ੋ ਕਿ 9ਵੀਂ ਤੋਂ ਲੈਕੇ 12ਵੀਂ ਜਮਾਤ ਤਕ ਪੜ੍ਹਦੇ ਹੋਣ। ਇਨ੍ਹਾਂ ਸਕੀਮਾਂ ਅਧੀਨ 100/- ਰੁਪਏ ਭਾਰਤੀ ਜੀਵਨ ਬੀਮਾਂ ਨਿਗਮ ਅਤੇ 100/- ਰੁਪਏ ਰਾਜ ਸਰਕਾਰ ਵਲੋਂ ਪ੍ਰਤੀ ਲਾਭਪਾਤਰੀ ਦੇ ਹਿਸਾਬ ਨਾਲ ਦਿੱਤੇ ਜਾਣੇ ਹਨ।